ਕੈਸ਼ ਮਾਰਕੀਟ 'ਚ ਐੱਫ. ਆਈ. ਆਈ. ਅਤੇ ਡੀ. ਆਈ. ਆਈ. ਦੀ ਸਥਿਤੀ

ਮਿਤੀ	ਐੱਫ. ਆਈ. ਆਈ.	ਡੀ. ਆਈ. ਆਈ.
24 ਸਤੰਬਰ 2026 ਪ੍ਰੋਵਿਜ਼ਨਲ	-4,729.98	3,687.14

(ਰਕਮ ਕਰੋੜ ਰੁਪਏ 'ਚ)

ਸੈਂਸੈਕਸ 73,580.54 (-1247.71)
ਨਿਫਟੀ 23,063.10 (-383.70)

ਬੀ. ਐੱਸ. ਈ. ਟਾਪ-5 ਗੇਨਰਜ਼

INDIAGLYCO	19.59%
ABDL	08.47%
RAYMOND	08.05%
GREAVESCOT	07.74%
JAMNAAUTO	06.95%

ਬੀ. ਐੱਸ. ਈ. ਟਾਪ-5 ਲੂਜ਼ਰਜ਼

POLICYBZR	35.98%
MFSL	09.81%
LTF	08.92%
HDFCLIFE	06.13%
NAUKRI	06.01%

ਖੇਤੀ ਜਿਣਸਾਂ

ਚੂਨਾ ਕਾਬਲੀ-	6500/11000
ਸਰ੍ਹੋਂ ਦਾ ਤੇਲ-	2600/2900
ਸਨ ਫਲਾਵਰ-	2750/2900

ਕਮੋਡਿਟੀ

ਕਰੂਡ	$ 93.72
ਨਿੱਕਲ	₹ 1,615.00
ਨੈਚੁਰਲ ਗੈਸ	₹ 291.40

ਐਕਸਚੇਂਜ ਰੇਟ

	Buy	Sell
$	95.96	96.86
£	126.90	127.84
€	109.07	109.82
C$	68.02	68.80
A$	67.46	68.20

	ਦਿੱਲੀ	ਮੁੰਬਈ	ਕੋਲਕਾਤਾ	ਚੇਨਈ	ਚੰਡੀਗੜ੍ਹ	ਹਰਿਆਣਾ	ਪੰਜਾਬ
ਪੈਟਰੋਲ	102.12	111.21	113.51	107.74	101.54	103.32	105.56
ਡੀਜ਼ਲ	95.20	97.83	99.82	99.66	89.47	95.96	95.47

ਰੇਟ 24 ਸਤੰਬਰ

ਯੂਰਪੀ ਬਾਜ਼ਾਰ

FTSE	DAX	CAC
10,679.68	25,276.50	8,074.30
-0.24%	-0.53%	-0.61%

ਏਸ਼ੀਆਈ ਬਾਜ਼ਾਰ

Nikkei	Straits Times	Shanghai
65,513.99	5,683.37	3,888.37
+0.76%	-0.46%	-1.22%

ਸਰਾਫਾ ਬਾਜ਼ਾਰ

ਸੋਨਾ 1,55,800 (-1000), ਚਾਂਦੀ 2,38,500 (-3500)

ਕ੍ਰਿਪਟੋਕਰੰਸੀ

ਬਿਟਕੁਆਇਨ	ਈਥਰ
84,213 (+0.13%)	2,668 (+0.20%)

Business Facts...

'ਕੋਕਾ-ਕੋਲਾ' ਦੀ ਖੋਜ 1886 'ਚ ਡਾ. ਜੌਨ ਪੈਂਬਰਟਨ ਨਾਂ ਦੇ ਇਕ ਫਾਰਮਾਸਿਸਟ ਨੇ ਕੀਤੀ ਸੀ। ਇਸ ਨੂੰ ਸ਼ੁਰੂਆਤ 'ਚ ਸਿਰਦਰਦ ਅਤੇ ਥਕਾਵਟ ਦੂਰ ਕਰਨ ਵਾਲੀ ਦਵਾਈ ਵਜੋਂ ਵੇਚਿਆ ਜਾਂਦਾ ਸੀ।

ਬਿਜ਼ਨੈੱਸ ਬ੍ਰੀਫ

ਮਾਰੂਤੀ ਸੁਜ਼ੂਕੀ ਨੇ ਮਨੇਸਰ 'ਚ ਆਪਣਾ ਪਹਿਲਾ ਗ੍ਰੀਨ ਹਾਈਡ੍ਰੋਜਨ ਪਲਾਂਟ ਕੀਤਾ ਚਾਲੂ

ਨਵੀਂ ਦਿੱਲੀ (ਏਜੰਸੀ)-ਮਾਰੂਤੀ ਸੁਜ਼ੂਕੀ ਇੰਡੀਆ ਲਿਮਟਿਡ ਨੇ ਹਰਿਆਣਾ ਦੇ ਮਾਨੇਸਰ ਸਥਿਤ ਆਪਣੇ ਪਲਾਂਟ 'ਚ ਪਾਇਲਟ ਪ੍ਰਾਜੈਕਟ ਵਜੋਂ ਸਥਾਪਿਤ 300 ਕਿਲੋਵਾਟ ਸਮਰੱਥਾ ਵਾਲੇ ਗ੍ਰੀਨ ਹਾਈਡ੍ਰੋਜਨ ਇਲੈਕਟ੍ਰੋਲਾਈਜ਼ਰ ਪਲਾਂਟ ਨੂੰ ਚਾਲੂ ਕਰਨ ਦਾ ਐਲਾਨ ਕੀਤਾ ਹੈ। ਮੈਨੇਜਿੰਗ ਡਾਇਰੈਕਟਰ ਅਤੇ ਮੁੱਖ ਕਾਰਜਕਾਰੀ ਅਧਿਕਾਰੀ (ਸੀ. ਈ. ਓ.) ਹਿਸਾਸ਼ੀ ਤਾਕੇਉਚੀ ਨੇ ਕਿਹਾ ਕਿ ਕੰਪਨੀ ਵੱਖ-ਵੱਖ ਸਵੱਛ ਤਕਨਾਲੋਜੀਆਂ ਰਾਹੀਂ ਨਿਰਮਾਣ ਸੰਚਾਲਨ 'ਚ ਆਪਣੀ ਕਾਰਬਨ ਨਿਕਾਸੀ ਨੂੰ ਮੌਜੂਦਾ 6.15 ਲੱਖ ਟਨ ਤੋਂ ਘਟਾ ਕੇ ਵਿੱਤੀ ਸਾਲ 2030-31 'ਚ 2.66 ਲੱਖ ਟਨ ਕਰਨ ਦਾ ਟੀਚਾ ਰੱਖਦੀ ਹੈ। ਤਾਕੇਉਚੀ ਨੇ ਕਿਹਾ, "ਸਾਡੇ 300 ਕਿਲੋਵਾਟ ਦੇ ਗ੍ਰੀਨ ਹਾਈਡ੍ਰੋਜਨ ਪਲਾਂਟ ਦਾ ਚਾਲੂ ਹੋਣਾ ਭਾਰਤ ਸਰਕਾਰ ਦੇ ਗ੍ਰੀਨ ਹਾਈਡ੍ਰੋਜਨ ਮਿਸ਼ਨ ਦੇ ਅਨੁਕੂਲ ਹੈ।

ਕਸਟਮ ਡਿਊਟੀ ਘਟਣ ਨਾਲ ਖੁਰਾਕੀ ਤੇਲ ਦੀਆਂ ਕੀਮਤਾਂ 'ਚ ਨਰਮੀ ਦੀ ਉਮੀਦ

ਨਵੀਂ ਦਿੱਲੀ, 24 ਸਤੰਬਰ (ਏਜੰਸੀ)-ਸਰਕਾਰ ਵੱਲੋਂ ਸੋਇਆਬੀਨ, ਪਾਮ ਅਤੇ ਸੂਰਜਮੁਖੀ ਤੇਲ 'ਤੇ ਕਸਟਮ ਡਿਊਟੀ 'ਚ ਕਟੌਤੀ ਕੀਤੇ ਜਾਣ 'ਤੋਂ ਬਾਅਦ ਖੁਰਾਕੀ ਤੇਲ ਦੀ ਪ੍ਰਚੂਨ ਕੀਮਤਾਂ 'ਚ ਕਮੀ ਆਉਣ ਦੀ ਉਮੀਦ ਹੈ। ਭਾਰਤੀ ਵਨਸਪਤੀ ਤੇਲ ਉਤਪਾਦਕ ਸੰਘ (ਆਈ. ਵੀ. ਪੀ. ਏ.) ਨੇ ਕਿਹਾ ਹੈ ਕਿ ਡਿਊਟੀ 'ਚ ਕਮੀ ਨਾਲ ਦਰਾਮਦ ਖੁਰਾਕੀ ਤੇਲ ਦੀ ਲਾਗਤ ਘਟ ਸਕਦੀ ਹੈ, ਜਿਸ ਦਾ ਲਾਭ ਖਪਤਕਾਰਾਂ ਨੂੰ ਮਿਲ ਸਕਦਾ ਹੈ।

ਆਈ. ਵੀ. ਪੀ. ਏ. ਦੇ ਪ੍ਰਧਾਨ ਸੁਧਾਕਰ ਦੇਸਾਈ ਨੇ ਕਿਹਾ ਕਿ ਖੁਰਾਕੀ ਤੇਲ ਦੀ ਦਰਾਮਦ 'ਤੇ ਡਿਊਟੀ ਘਟਾਉਣ ਦਾ ਫ਼ੈਸਲਾ ਅਜਿਹੇ ਸਮੇਂ 'ਚ ਹੋਇਆ ਹੈ, ਜਦੋਂ ਦੇਸ਼ 'ਚ ਤਿਉਹਾਰੀ ਸੀਜ਼ਨ ਸ਼ੁਰੂ ਹੋਣ ਵਾਲਾ ਹੈ। ਉਨ੍ਹਾਂ ਕਿਹਾ ਕਿ ਉਦਯੋਗ ਦੀ ਪਹਿਲ ਅਗਾਮੀ ਤਿਉਹਾਰੀ ਮਹੀਨਿਆਂ 'ਚ ਦੇਸ਼ ਭਰ 'ਚ ਖੁਰਾਕੀ ਤੇਲ ਦੀ ਪੂਰੀ ਉਪਲੱਬਧਤਾ ਯਕੀਨੀ ਬਣਾਉਣਾ ਹੈ।

ਜ਼ਿਕਰਯੋਗ ਹੈ ਕਿ ਸਰਕਾਰ ਨੇ ਬੁੱਧਵਾਰ ਨੂੰ ਕੱਚੇ ਸੂਰਜਮੁਖੀ ਤੇਲ 'ਤੇ ਬੇਸਿਕ ਕਸਟਮ ਡਿਊਟੀ ਨੂੰ 10 ਫੀਸਦੀ ਤੋਂ ਘਟਾ ਕੇ ਸਿਫ਼ਰ ਕਰ ਦਿੱਤਾ। ਉਥੇ ਹੀ ਰਿਫਾਈਂਡ ਸੂਰਜਮੁਖੀ ਤੇਲ 'ਤੇ ਡਿਊਟੀ 32.5 ਫੀਸਦੀ ਤੋਂ ਘਟਾ ਕੇ 22.5 ਫੀਸਦੀ ਕੀਤੀ ਗਈ ਹੈ। ਕੱਚੇ ਸੋਇਆਬੀਨ ਅਤੇ ਪਾਮ ਤੇਲ 'ਤੇ ਬੇਸਿਕ ਕਸਟਮ ਡਿਊਟੀ 10 ਫੀਸਦੀ ਤੋਂ ਘਟਾ ਕੇ 5 ਫੀਸਦੀ ਅਤੇ ਰਿਫਾਈਂਡ ਸੋਇਆਬੀਨ ਅਤੇ ਪਾਮ ਤੇਲ 'ਤੇ 32.5 ਫੀਸਦੀ ਤੋਂ ਘਟਾ ਕੇ 27.5 ਫੀਸਦੀ ਕੀਤਾ ਗਿਆ ਹੈ।

ਦੱਖਣੀ ਭਾਰਤ 'ਚ ਵਧ ਸਕਦੀ ਹੈ ਮੰਗ

ਦੇਸਾਈ ਨੇ ਕਿਹਾ ਕਿ ਸੂਰਜਮੁਖੀ ਤੇਲ 'ਤੇ ਡਿਊਟੀ 'ਚ ਮੁਕਾਬਲਾਤਨ ਵੱਧ ਕਟੌਤੀ ਨਾਲ ਇਹ ਵੱਧ ਕਿਫ਼ਾਇਤੀ ਹੋ ਸਕਦਾ ਹੈ। ਇਸ ਦਾ ਅਸਰ ਖਾਸ ਤੌਰ 'ਤੇ ਦੱਖਣੀ ਭਾਰਤ 'ਚ ਵਿਖਾਈ ਦੇ ਸਕਦਾ ਹੈ, ਜਿੱਥੇ ਸੂਰਜਮੁਖੀ ਤੇਲ ਦੀ ਮੰਗ ਵਧ ਹੈ। ਉਨ੍ਹਾਂ ਕਿਹਾ ਕਿ ਸੂਰਜਮੁਖੀ ਅਤੇ ਸੋਇਆਬੀਨ ਤੇਲ ਦੀ ਦਰਮਾਦ 'ਚ ਵੱਧ ਲਚਕੀਲਾਪਣ ਆਉਣ ਨਾਲ ਪਾਮ ਤੇਲ ਦੀ ਮੰਗ 'ਤੇ ਵੀ ਅਸਰ ਪੈ ਸਕਦਾ ਹੈ। ਆਈ. ਵੀ. ਪੀ. ਏ. ਅਨੁਸਾਰ ਭਾਰਤ ਆਪਣੀ ਕੁੱਲ ਖੁਰਾਕੀ ਲੋੜ ਦਾ ਲੱਗਭਗ 60 ਫੀਸਦੀ ਹਿੱਸਾ ਦਰਾਮਦ ਤੋਂ ਪੂਰਾ ਕਰਦਾ ਹੈ। ਅਜਿਹੇ 'ਚ ਘਰੇਲੂ ਬਾਜ਼ਾਰ ਅੰਤਰਰਾਸ਼ਟਰੀ ਖੁਰਾਕੀ ਤੇਲ ਕੀਮਤਾਂ ਅਤੇ ਗਲੋਬਲ ਸਪਲਾਈ ਦੀ ਸਥਿਤੀ ਤੋਂ ਪ੍ਰਭਾਵਿਤ ਹੁੰਦਾ ਹੈ। ਦੇਸਾਈ ਨੇ ਕਿਹਾ ਕਿ ਡਿਊਟੀ ਕਟੌਤੀ ਦੇ ਬਾਵਜੂਦ ਪ੍ਰਚੂਨ ਕੀਮਤਾਂ 'ਚ ਅਸਲ ਕਮੀ ਕਈ ਹੋਰ ਕਾਰਕਾਂ 'ਤੇ ਨਿਰਭਰ ਕਰੇਗੀ।

ਅੰਤਰਰਾਸ਼ਟਰੀ ਕੀਮਤਾਂ ਅਤੇ ਰੁਪਏ ਦੀ ਭੂਮਿਕਾ

ਖੁਰਾਕੀ ਤੇਲ ਦੀਆਂ ਘਰੇਲੂ ਕੀਮਤਾਂ 'ਤੇ ਅੰਤਰਰਾਸ਼ਟਰੀ ਜਿਣਸ ਕੀਮਤਾਂ, ਮਾਲ ਢੋਆ-ਢੁਆਈ ਲਾਗਤ, ਰੁਪਏ ਦੀ ਐਕਸਚੇਂਜ ਦਰ, ਘਰੇਲੂ ਉਪਲੱਬਧਤਾ ਅਤੇ ਭੰਡਾਰ ਦੇ ਪੱਧਰ ਦਾ ਵੀ ਅਸਰ ਪੈਂਦਾ ਹੈ। ਦੇਸਾਈ ਨੇ ਕਿਹਾ ਕਿ ਇਨ੍ਹਾਂ ਸਾਰੇ ਕਾਰਕਾਂ ਨੂੰ ਧਿਆਨ 'ਚ ਰੱਖ ਕੇ ਹੀ ਖਪਤਕਾਰ ਪੱਧਰ 'ਤੇ ਡਿਊਟੀ ਕਟੌਤੀ ਦੇ ਅਸਲ ਪ੍ਰਭਾਵ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ।

ਇਰਡਾ ਦੇ ਨਵੇਂ ਪ੍ਰਸਤਾਵ ਨਾਲ ਮਚਿਆ ਹੜਕੰਪ, ਪਾਲਿਸੀ ਬਾਜ਼ਾਰ ਦੀ ਪੇਰੈਂਟ ਕੰਪਨੀ ਦਾ ਸ਼ੇਅਰ ਕ੍ਰੈਸ਼, 35.98 ਫੀਸਦੀ ਟੁੱਟਿਆ

ਨਵੀਂ ਦਿੱਲੀ, 24 ਸਤੰਬਰ (ਇੰਟ.)-ਪਾਲਿਸੀ ਬਾਜ਼ਾਰ ਦੀ ਪੇਰੈਂਟ ਕੰਪਨੀ ਪੀ. ਬੀ. ਫਿਨਟੈੱਕ ਦੇ ਸ਼ੇਅਰ 'ਚ ਅੱਜ ਭਾਰੀ ਬਿਕਵਾਲੀ ਦੇਖਣ ਨੂੰ ਮਿਲੀ। ਕਾਰੋਬਾਰ ਦੌਰਾਨ ਸਟਾਕ ਲੱਗਭਗ 36 ਫੀਸਦੀ ਟੁੱਟ ਕੇ 18 ਮਹੀਨਿਆਂ ਦੇ ਹੇਠਲੇ ਪੱਧਰ 'ਤੇ ਪਹੁੰਚ ਗਿਆ। ਸ਼ੇਅਰ 'ਚ ਲਗਾਤਾਰ ਲੋਅਰ ਸਰਕਟ ਲੱਗਣ ਨਾਲ ਨਿਵੇਸ਼ਕਾਂ ਵਿਚਾਲੇ ਚਿੰਤਾ ਵਧ ਗਈ। ਨੈਸ਼ਨਲ ਸਟਾਕ ਐਕਸਚੇਂਜ (ਐੱਨ. ਐੱਸ. ਈ.) 'ਤੇ ਪੀ. ਬੀ. ਫਿਨਟੈੱਕ ਦਾ ਸ਼ੇਅਰ 1,207.20 ਰੁਪਏ 'ਤੇ ਬੰਦ ਹੋਇਆ, ਜੋ ਪਿਛਲੇ ਕਾਰੋਬਾਰੀ ਸੈਸ਼ਨ ਦੇ 1,886.30 ਰੁਪਏ ਦੇ ਮੁਕਾਬਲੇ ਲੱਗਭਗ 36 ਫੀਸਦੀ ਦੀ ਗਿਰਾਵਟ ਹੈ। ਇਸ ਤੋਂ ਪਹਿਲਾਂ ਸ਼ੇਅਰ 3 ਕਾਰੋਬਾਰੀ ਸੈਸ਼ਨਾਂ 'ਚ 8 ਫੀਸਦੀ ਤੋਂ ਵੱਧ ਚੜ੍ਹਿਆ ਸੀ।

ਕਿਉਂ ਆਈ ਸ਼ੇਅਰ 'ਚ ਇੰਨੀ ਵੱਡੀ ਗਿਰਾਵਟ

ਪੀ. ਬੀ. ਫਿਨਟੈੱਕ ਦੇ ਸ਼ੇਅਰਾਂ 'ਚ ਇਹ ਗਿਰਾਵਟ ਭਾਰਤੀ ਬੀਮਾ ਰੈਗੂਲੇਟਰੀ ਇਰਡਾ ਵੱਲੋਂ ਬੀਮਾ ਵੰਡ ਦੇ ਕਮਿਸ਼ਨ ਅਤੇ ਖਰਚੇ ਨਾਲ ਜੁੜੇ ਨਿਯਮਾਂ 'ਚ ਵੱਡੇ ਪੱਧਰ 'ਤੇ ਬਦਲਾਅ ਦੇ ਪ੍ਰਸਤਾਵ ਤੋਂ ਬਾਅਦ ਆਈ ਹੈ। ਪ੍ਰਸਤਾਵਿਤ ਬਦਲਾਅ 'ਚ ਬੀਮਾ ਡਿਸਟ੍ਰੀਬਿਊਟਰਜ਼ ਦੇ ਕਮਿਸ਼ਨ ਢਾਂਚੇ 'ਤੇ ਹੱਦ ਲਾਉਣ ਦੀ ਗੱਲ ਕਹੀ ਗਈ ਹੈ। ਬਾਜ਼ਾਰ ਵਿਸ਼ਲੇਸ਼ਕਾਂ ਮੁਤਾਬਕ ਹੈਲਥ ਇੰਸ਼ੋਰੈਂਸ 'ਚ ਕਮਿਸ਼ਨ ਨੂੰ 15-20 ਫੀਸਦੀ ਅਤੇ ਟਰਮ ਲਾਈਫ ਇੰਸ਼ੋਰੈਂਸ 'ਚ ਇਸ ਨੂੰ 25 ਫੀਸਦੀ ਤੱਕ ਸੀਮਤ ਕਰਨ ਦਾ ਪ੍ਰਸਤਾਵ ਪੀ. ਬੀ. ਫਿਨਟੈੱਕ ਦੇ ਕਾਰੋਬਾਰ ਦੀ ਕਮਾਈ 'ਤੇ ਅਸਰ ਪਾ ਸਕਦਾ ਹੈ।

ਬ੍ਰੋਕਰੇਜ ਨੇ ਵੀ ਪ੍ਰਗਟਾਈ ਚਿੰਤਾ

ਐੱਮ. ਕੇ. ਗਲੋਬਲ ਮੁਤਾਬਕ ਪੀ. ਬੀ. ਫਿਨਟੈੱਕ ਦੇ ਬਿਜ਼ਨੈੱਸ ਮਾਡਲ 'ਤੇ ਹੈਲਥ ਇੰਸ਼ੋਰੈਂਸ ਦੀ ਰੀਨਿਊਅਲ ਅਤੇ ਪੋਰਟਿੰਗ ਕਮਿਸ਼ਨ, ਟਰਮ ਲਾਈਫ ਇੰਸ਼ੋਰੈਂਸ ਦੇ ਪਹਿਲੇ ਸਾਲ ਦੇ ਕਮਿਸ਼ਨ ਅਤੇ ਮੋਟਰ ਇੰਸ਼ੋਰੈਂਸ ਦੇ 'ਆਨ ਡੈਮੇਜ' ਅਤੇ 'ਥਰਡ ਪਾਰਟੀ' ਕਮਿਸ਼ਨ 'ਚ ਪ੍ਰਸਤਾਵਿਤ ਕਟੌਤੀ ਦਾ ਅਸਰ ਪੈ ਸਕਦਾ ਹੈ।

ਉਥੇ ਹੀ ਬਰਨਸਟੀਨ ਨੇ ਕਿਹਾ ਕਿ ਪ੍ਰਸਤਾਵਿਤ ਕਮਿਸ਼ਨ ਕਟੌਤੀ ਬਾਜ਼ਾਰ ਦੀਆਂ ਉਮੀਦਾਂ ਤੋਂ ਕਿਤੇ ਵੱਧ ਹੈ ਅਤੇ ਇਸ ਦਾ ਅਸਰ ਪੀ. ਬੀ. ਫਿਨਟੈੱਕ 'ਤੇ ਹੋਰ ਕੰਪਨੀਆਂ ਦੇ ਮੁਕਾਬਲੇ ਵਧ ਪੈ ਸਕਦਾ ਹੈ। ਬ੍ਰੋਕਰੇਜ ਅਨੁਸਾਰ ਪ੍ਰਸਤਾਵਿਤ ਟੇਕ-ਰੇਟ ਕੈਪ ਖਾਸ ਤੌਰ 'ਤੇ ਹੈਲਥ ਅਤੇ ਮੋਟਰ ਇੰਸ਼ੋਰੈਂਸ 'ਚ ਪੀ. ਬੀ. ਫਿਨਟੈੱਕ ਦੀ ਯੂਨਿਟ ਇਕਨਾਮਿਕਸ 'ਤੇ ਦਬਾਅ ਪਾ ਸਕਦੇ ਹਨ।

ਐੱਨ. ਐੱਸ. ਈ. ਦਾ ਸ਼ੇਅਰ ਪਹਿਲੇ ਦਿਨ ਦੇ ਕਾਰੋਬਾਰ 'ਚ 2 ਫੀਸਦੀ ਚੜ੍ਹਿਆ, ਬਣਿਆ ਦੁਨੀਆ ਦਾ 7ਵਾਂ ਸਭ ਤੋਂ ਵੱਡਾ ਐਕਸਚੇਂਜ

ਨਵੀਂ ਦਿੱਲੀ, 24 ਸਤੰਬਰ (ਏਜੰਸੀ)-ਨੈਸ਼ਨਲ ਸਟਾਕ ਐਕਸਚੇਂਜ (ਐੱਨ. ਐੱਸ. ਈ.) ਦਾ ਸ਼ੇਅਰ ਅੱਜ ਆਪਣੇ ਪਹਿਲੇ ਦਿਨ ਦੇ ਕਾਰੋਬਾਰ 'ਚ ਲੱਗਭਗ 2 ਫੀਸਦੀ ਦੇ ਵਾਧੇ ਨਾਲ ਬੰਦ ਹੋਇਆ।

ਇਸ ਦੇ ਨਾਲ ਹੀ ਐੱਨ. ਐੱਸ. ਈ. ਦਾ ਬਾਜ਼ਾਰ ਮੁਲਾਂਕਣ 4.49 ਲੱਖ ਕਰੋੜ ਰੁਪਏ ਪਹੁੰਚ ਗਿਆ ਅਤੇ ਉਹ ਦੁਨੀਆ ਦੇ 7 ਸਭ ਤੋਂ ਕੀਮਤੀ ਐਕਸਚੇਂਜਾਂ 'ਚ ਸ਼ਾਮਲ ਹੋ ਗਿਆ। ਬੰਬੇ ਸਟਾਕ ਐਕਸਚੇਂਜ (ਬੀ. ਐੱਸ. ਈ.) 'ਚ ਐੱਨ. ਐੱਸ. ਈ. ਦਾ ਸ਼ੇਅਰ 1800 ਰੁਪਏ 'ਤੇ ਲਿਸਟਿਡ ਹੋਇਆ, ਜੋ 1785 ਰੁਪਏ ਦੇ ਇਸ਼ੂ ਮੁੱਲ ਤੋਂ 0.84 ਫੀਸਦੀ ਵੱਧ ਹੈ। ਕਾਰੋਬਾਰ ਦੌਰਾਨ ਸ਼ੇਅਰ 5.21 ਫੀਸਦੀ ਵਧ ਕੇ 1,878 ਰੁਪਏ ਤੱਕ ਪਹੁੰਚ ਗਏ। ਬਾਅਦ 'ਚ ਇਹ 1.85 ਫੀਸਦੀ ਦੇ ਵਾਧੇ ਨਾਲ 1,818 ਰੁਪਏ 'ਤੇ ਬੰਦ ਹੋਇਆ।

ਐੱਨ. ਐੱਸ. ਈ. ਦਾ ਬਾਜ਼ਾਰ ਮੁਲਾਂਕਣ 4,49,955 ਕਰੋੜ ਰੁਪਏ ਰਿਹਾ। ਇਸ ਦੇ ਨਾਲ ਹੀ ਇਹ ਬੀ. ਐੱਸ. ਈ. 'ਤੇ ਬਾਜ਼ਾਰ ਮੁਲਾਂਕਣ ਦੇ ਲਿਹਾਜ਼ ਨਾਲ ਐੱਨ. ਐੱਸ. ਈ. 11ਵੀਂ ਸਭ ਤੋਂ ਕੀਮਤੀ ਕੰਪਨੀ ਬਣ ਗਈ ਹੈ।

ਰੁਪਇਆ 23 ਪੈਸੇ ਕਮਜ਼ੋਰ ਹੋ ਕੇ 95.96 ਪ੍ਰਤੀ ਡਾਲਰ 'ਤੇ ਪਹੁੰਚਿਆ

ਮੁੰਬਈ, 24 ਸਤੰਬਰ (ਏਜੰਸੀ)-ਕੱਚੇ ਤੇਲ ਦੀਆਂ ਕੀਮਤਾਂ 'ਚ ਤੇਜ਼ੀ ਅਤੇ ਭੂ-ਸਿਆਸੀ ਬੇਭਰੋਸਗੀ ਦਰਿਆਨ ਅਮਰੀਕੀ ਕਰੰਸੀ ਦੇ ਮਜ਼ਬੂਤ ਹੋਣ ਨਾਲ ਰੁਪਇਆ 23 ਪੈਸੇ ਕਮਜ਼ੋਰ ਹੋ ਕੇ 95.96 ਪ੍ਰਤੀ ਡਾਲਰ 'ਤੇ ਰਿਹਾ। ਵਿਦੇਸ਼ੀ ਕਰੰਸੀ ਕਾਰੋਬਾਰੀਆਂ ਅਨੁਸਾਰ ਘਰੇਲੂ ਸ਼ੇਅਰ ਬਾਜ਼ਾਰ 'ਚ ਭਾਰੀ ਬਿਕਵਾਲੀ ਕਾਰਨ ਵੀ ਰੁਪਏ 'ਤੇ ਦਬਾਅ ਪਿਆ। ਨਿਵੇਸ਼ਕਾਂ ਦੇ ਜੋਖਮ ਲੈਣ ਤੋਂ ਬਚਣ ਦੀ ਧਾਰਨਾ ਅਤੇ ਅਮਰੀਕਾ 'ਚ ਮਹਿਗਾਈ ਨੂੰ ਲੈ ਕੇ ਵਧਦੀਆਂ ਚਿੰਤਾਵਾਂ ਕਾਰਨ ਅਮਰੀਕੀ ਬਾਂਡ 'ਤੇ ਯੀਲਡ 'ਚ ਤੇਜ਼ੀ ਆਈ, ਜਿਸ ਨਾਲ ਡਾਲਰ ਨੂੰ ਮਜ਼ਬੂਤੀ ਮਿਲੀ। ਅੰਤਰਬੈਂਕ ਵਿਦੇਸ਼ੀ ਕਰੰਸੀ ਐਕਸਚੇਂਜ ਬਾਜ਼ਾਰ 'ਚ ਰੁਪਇਆ 95.84 ਪ੍ਰਤੀ ਡਾਲਰ 'ਤੇ ਖੁੱਲ੍ਹਿਆ। ਕਾਰੋਬਾਰ ਦੌਰਾਨ ਇਹ 95.98 ਦੇ ਹੇਠਲੇ ਪੱਧਰ ਤੱਕ ਪਹੁੰਚ ਗਿਆ।

ਦੁਸਹਿਰੇ ਅਤੇ ਦੀਵਾਲੀ ਦੌਰਾਨ ਖੰਡ ਦੀਆਂ ਕੀਮਤਾਂ ਕੰਟਰੋਲ ਹੇਠ ਰੱਖਣ ਲਈ ਸਰਕਾਰ ਵਚਨਬੱਧ : ਆਈ. ਐੱਸ. ਐੱਮ. ਏ.

ਨਵੀਂ ਦਿੱਲੀ, 24 ਸਤੰਬਰ (ਏਜੰਸੀ)-ਇੰਡੀਅਨ ਸ਼ੂਗਰ ਐਂਡ ਬਾਇਓ-ਐਨਰਜੀ ਮੈਨੂਫੈਕਚਰਰਜ਼ ਐਸੋਸੀਏਸ਼ਨ (ਆਈ. ਐੱਸ. ਐੱਮ. ਏ.) ਦੇ ਡਾਇਰੈਕਟਰ ਜਨਰਲ ਦੀਪਕ ਬੱਲਾਨੀ ਨੇ ਕਿਹਾ ਕਿ ਅਗਾਮੀ ਤਿਉਹਾਰੀ ਸੀਜ਼ਨ ਦੌਰਾਨ ਖਪਤਕਾਰਾਂ ਨੂੰ ਵਾਜਬ ਕੀਮਤਾਂ 'ਤੇ ਖੰਡ ਮੁਹੱਈਆ ਕਰਵਾਉਣ ਲਈ ਸਰਕਾਰ ਅਤੇ ਖੰਡ ਉਦਯੋਗ ਮਿਲ ਕੇ ਕੰਮ ਕਰ ਰਹੇ ਹਨ।

ਬੱਲਾਨੀ ਨੇ ਕਿਹਾ ਕਿ ਦੁਸਹਿਰੇ ਅਤੇ ਦੀਵਾਲੀ ਵਰਗੇ ਮੁੱਖ ਤਿਉਹਾਰਾਂ ਦੇ ਨੇੜੇ ਆਉਣ ਨਾਲ ਖੰਡ ਦੀ ਸਥਿਰ ਸਪਲਾਈ ਅਤੇ ਕਿਫਾਇਤੀ ਕੀਮਤਾਂ ਯਕੀਨੀ ਬਣਾਉਣਾ ਪਹਿਲ ਬਣੀ ਹੋਈ ਹੈ। ਉਨ੍ਹਾਂ ਕਿਹਾ, "ਸਭ ਤੋਂ ਪਹਿਲਾਂ ਸਰਕਾਰ ਅਤੇ ਉਦਯੋਗ ਦੋਵੇਂ ਖਪਤਕਾਰਾਂ ਨੂੰ ਬਹੁਤ ਵਾਜਬ ਦਰ 'ਤੇ ਖੰਡ ਮੁਹੱਈਆ ਕਰਵਾਉਣ ਲਈ ਵਚਨਬੱਧ ਹਨ, ਖਾਸ ਕਰਕੇ ਤਿਉਹਾਰਾਂ ਦੌਰਾਨ ਵਧਣ ਵਾਲੀ ਮੰਗ ਅਤੇ ਤਿਉਹਾਰੀ ਸੀਜ਼ਨ 'ਚ।"

ਘਰੇਲੂ ਬਾਜ਼ਾਰ 'ਚ ਖੰਡ ਦੀ ਸਪਲਾਈ ਪੂਰੀ

ਉਨ੍ਹਾਂ ਅਨੁਸਾਰ ਘਰੇਲੂ ਬਾਜ਼ਾਰ 'ਚ ਖੰਡ ਦੀ ਸਪਲਾਈ ਪੂਰੀ ਬਣੀ ਹੋਈ ਹੈ ਅਤੇ ਕੀਮਤਾਂ ਨੂੰ ਕੰਟਰੋਲ 'ਚ ਰੱਖਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਬੱਲਾਨੀ ਨੇ ਕਿਹਾ ਕਿ ਪ੍ਰਚੂਨ ਖੰਡ ਦੀਆਂ ਕੀਮਤਾਂ 'ਚ ਪਹਿਲਾਂ ਹੀ ਨਰਮੀ ਸ਼ੁਰੂ ਹੋ ਗਈ ਹੈ ਅਤੇ ਆਉਣ ਵਾਲੇ ਹਫ਼ਤਿਆਂ 'ਚ ਇਨ੍ਹਾਂ 'ਚ ਹੋਰ ਗਿਰਾਵਟ ਆਉਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਐਕਸ-ਮਿੱਲ ਕੀਮਤਾਂ ਅਤੇ ਪ੍ਰਚੂਨ ਕੀਮਤਾਂ 'ਚ ਬਦਲਾਅ ਦਰਮਿਆਨ ਆਮ ਤੌਰ 'ਤੇ ਕੁਝ ਸਮੇਂ ਦਾ ਫਰਕ ਹੁੰਦਾ ਹੈ ਕਿਉਂਕਿ ਥੋਕ ਕੀਮਤਾਂ 'ਚ ਕਮੀ ਦਾ ਲਾਭ ਸਪਲਾਈ ਲੜੀ ਰਾਹੀਂ ਖਪਤਕਾਰਾਂ ਤੱਕ ਪਹੁੰਚਣ 'ਚ ਸਮਾਂ ਲੱਗਦਾ ਹੈ।

ਪ੍ਰਚੂਨ ਕੀਮਤਾਂ 'ਚ ਵੀ ਹੌਲੀ-ਹੌਲੀ ਆਵੇਗੀ ਕਮੀ

ਉਨ੍ਹਾਂ ਕਿਹਾ ਕਿ ਐਕਸ-ਮਿੱਲ ਖੰਡ ਦੀਆਂ ਕੀਮਤਾਂ 'ਚ ਪਹਿਲਾਂ ਹੀ ਲੱਗਭਗ 25-30 ਫੀਸਦੀ ਤੱਕ ਕਮੀ ਆਈ ਹੈ ਅਤੇ ਪੂਰੇ ਭਾਰਤ 'ਚ ਐਕਸ-ਮਿੱਲ ਕੀਮਤ ਦਾ ਔਸਤ ਮੌਜੂਦਾ 'ਚ ਲੱਗਭਗ 4,450 ਰੁਪਏ ਪ੍ਰਤੀ ਕੁਇੰਟਲ ਹੈ। ਬੱਲਾਨੀ ਨੇ ਦੱਸਿਆ ਕਿ ਬਾਜ਼ਾਰ 'ਚ ਘੱਟ ਲਾਗਤ ਦੇ ਪੱਧਰ ਦੇ ਅਨੁਕੂਲ ਬਦਲਾਅ ਹੋਣ ਦੇ ਨਾਲ ਪ੍ਰਚੂਨ ਕੀਮਤਾਂ 'ਚ ਵੀ ਹੌਲੀ-ਹੌਲੀ ਕਮੀ ਆਵੇਗੀ।

ਬੱਲਾਨੀ ਨੇ ਕਿਹਾ, "ਕੀਮਤਾਂ 'ਚ ਹੋਏ ਬਦਲਾਅ ਨੂੰ ਪ੍ਰਚੂਨ ਕੀਮਤਾਂ ਤੱਕ ਪੂਰੀ ਤਰ੍ਹਾਂ ਪਹੁੰਚਣ 'ਚ ਕੁਝ ਸਮਾਂ ਲੱਗਦਾ ਹੈ। ਹੁਣ ਜਦੋਂ ਐਕਸ-ਮਿੱਲ ਕੀਮਤਾਂ 'ਚ ਲੱਗਭਗ 25 ਤੋਂ 30 ਫੀਸਦੀ ਤੱਕ ਕਮੀ ਆ ਚੁੱਕੀ ਹੈ ਅਤੇ ਪੂਰੇ ਭਾਰਤ 'ਚ ਐਕਸ-ਮਿੱਲ ਕੀਮਤਾਂ ਦਾ ਔਸਤ 4,450 ਰੁਪਏ ਹੈ ਤਾਂ ਮੇਰਾ ਮੰਨਣਾ ਹੈ ਕਿ ਆਉਣ ਵਾਲੇ ਸਮੇਂ 'ਚ ਪ੍ਰਚੂਨ ਕੀਮਤਾਂ 'ਚ ਵੀ ਕਮੀ ਆਵੇਗੀ।"

ਸੇਬੀ ਦੇ ਬੋਰਡ ਆਫ ਡਾਇਰੈਕਟਰਜ਼ ਨੇ ਪੋਰਟਫੋਲੀਓ ਮੈਨੇਜਰ ਨਿਯਮਾਂ 'ਚ ਵੱਡੇ ਬਦਲਾਅ ਨੂੰ ਦਿੱਤੀ ਮਨਜ਼ੂਰੀ

ਮੁੰਬਈ, 24 ਸਤੰਬਰ (ਏਜੰਸੀ)-ਪੂੰਜੀ ਬਾਜ਼ਾਰ ਰੈਗੂਲੇਟਰੀ ਸੇਬੀ ਦੇ ਬੋਰਡ ਆਫ ਡਾਇਰੈਕਟਰਜ਼ ਨੇ ਪੋਰਟਫੋਲੀਓ ਮੈਨੇਜਰ ਨਿਯਮਾਂ 'ਚ ਵੱਡੇ ਬਦਲਾਅ ਸਮੇਤ ਕਈ ਪ੍ਰਸਤਾਵਾਂ ਨੂੰ ਮਨਜ਼ੂਰੀ ਦਿੱਤੀ। ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕਾਂ (ਐੱਫ. ਪੀ. ਆਈ.) ਨੂੰ ਭੌਤਿਕ ਤੌਰ 'ਤੇ ਨਬੇੜੇ ਜਾਣ ਵਾਲੇ ਗੈਰ-ਖੇਤੀਬਾੜੀ ਜਿਣਸ ਡੈਰੀਵੇਟਿਵ ਸਮਝੌਤਿਆਂ 'ਚ ਹਿੱਸਾ ਲੈਣ ਦੀ ਇਜਾਜ਼ਤ ਦੇਣ ਦਾ ਵੀ ਫ਼ੈਸਲਾ ਕੀਤਾ ਗਿਆ।

ਭਾਰਤੀ ਸਕਿਓਰਿਟੀ ਅਤੇ ਐਕਸਚੇਂਜ ਬੋਰਡ (ਸੇਬੀ) ਨੇ ਪੋਰਟਫੋਲੀਓ ਮੈਨੇਜਰਾਂ ਨੂੰ ਸ਼ੁਰੂਆਤੀ ਜਨਤਕ ਇਸ਼ੂ (ਆਈ. ਪੀ. ਓ.) ਅਤੇ ਪ੍ਰਾਇਮਰੀ ਬਾਜ਼ਾਰ 'ਚ ਕਰਜ਼ਾ ਸਕਿਓਰਿਟੀਜ਼ ਦੇ ਇਸ਼ੂ 'ਚ ਨਿਵੇਸ਼ ਦੀ ਇਜਾਜ਼ਤ ਦੇਣ ਦੇ ਪ੍ਰਸਤਾਵ ਨੂੰ ਵੀ ਮਨਜ਼ੂਰੀ ਦਿੱਤੀ। ਇਸ ਦਾ ਉਦੇਸ਼ ਉਨ੍ਹਾਂ ਲਈ ਨਿਵੇਸ਼ ਦੇ ਦਾਇਰੇ ਨੂੰ ਵਧਾਉਣਾ ਹੈ। ਇਸ ਤੋਂ ਇਲਾਵਾ ਰੀਅਲ ਅਸਟੇਟ ਇਨਵੈਸਟਮੈਂਟ ਟਰੱਸਟ ਅਤੇ ਸ਼ੇਅਰ ਬਾਜ਼ਾਰ 'ਚ ਸੂਚੀਬੱਧ ਬੁਨਿਆਦੀ ਢਾਂਚਾ ਨਿਵੇਸ਼ ਟਰੱਸਟ ਨੂੰ



ਆਗਿਆ ਪ੍ਰਾਪਤ ਵਿਦੇਸ਼ੀ ਅਧਿਕਾਰ ਖੇਤਰਾਂ 'ਚ ਡਿਪਾਜ਼ਿਟਰੀ ਰਸੀਦਾਂ ਜਾਰੀ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ।

ਸੇਬੀ ਦੇ ਬੋਰਡ ਆਫ ਡਾਇਰੈਕਟਰਜ਼ ਨੇ ਮਾਨਤਾ-ਪ੍ਰਾਪਤ ਨਿਵੇਸ਼ਕਾਂ ਦਾ ਦਾਇਰਾ ਵਧਾਉਣ ਦਾ ਪ੍ਰਸਤਾਵ ਵੀ ਮਨਜ਼ੂਰ ਕੀਤਾ। ਇਸ ਦੇ ਤਹਿਤ ਸਕਿਓਰਿਟੀਜ਼ ਬਾਜ਼ਾਰ 'ਚ 5 ਕਰੋੜ ਰੁਪਏ ਦੀ ਜਾਇਦਾਦ ਵਾਲੇ ਵਿਅਕਤੀ ਅਤੇ 20 ਕਰੋੜ ਰੁਪਏ ਦੀ ਜਾਇਦਾਦ ਵਾਲੀਆਂ ਕੰਪਨੀਆਂ ਮੌਜੂਦਾ ਆਮਦਨ ਅਤੇ ਕੁਲ ਕੀਮਤ ਦੇ ਮਾਪਦੰਡਾਂ, ਮਾਨਤਾ ਪ੍ਰਾਪਤ ਨਿਵੇਸ਼ਕ ਬਣਨ ਦੇ ਯੋਗ ਹੋਣਗੀਆਂ। ਇਸ ਕਦਮ ਦਾ ਉਦੇਸ਼ ਮਾਨਤਾ ਪ੍ਰਾਪਤ ਨਿਵੇਸ਼ਕਾਂ ਦੇ ਦਾਇਰੇ ਨੂੰ ਵਧਾਉਣਾ ਅਤੇ ਬਦਲਵੇਂ ਨਿਵੇਸ਼ ਫੰਡਾਂ 'ਚ ਹਿੱਸੇਦਾਰੀ ਨੂੰ ਉਤਸ਼ਾਹਿਤ ਕਰਨਾ ਹੈ।

'ਬੈਂਕ ਅਗਲੇ ਕੁਝ ਮਹੀਨਿਆਂ 'ਚ ਵਾਧੂ ਨਕਦੀ ਦੀ ਵਰਤੋਂ ਕਰ ਸਕਦੇ ਹਨ'

ਮੁੰਬਈ, 24 ਸਤੰਬਰ (ਏਜੰਸੀ)-ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ.) ਦੇ ਡਿਪਟੀ ਗਵਰਨਰ ਰੋਹਿਤ ਜੈਨ ਨੇ ਕਿਹਾ ਕਿ ਬੈਂਕਾਂ ਤੋਂ ਅਗਲੇ ਕੁਝ ਮਹੀਨਿਆਂ 'ਚ ਵਿਦੇਸ਼ੀ ਕਰੰਸੀ ਪ੍ਰਵਾਸੀ (ਐੱਫ. ਸੀ. ਐੱਨ. ਆਰ.-ਬੀ) ਜਮ੍ਹਾ ਰਾਸ਼ੀ ਤੋਂ ਮਿਲੀ ਵਾਧੂ ਨਕਦੀ ਦੀ ਵਰਤੋਂ ਕਰਨ ਦੀ ਉਮੀਦ ਹੈ ਕਿਉਂਕਿ ਤਿਉਹਾਰੀ ਮੌਸਮ 'ਚ ਕਰਜ਼ੇ ਦੀ ਮੰਗ ਮਜ਼ਬੂਤ ਰਹਿਣ ਦੀ ਸੰਭਾਵਨਾ ਹੈ। ਵਿਸ਼ੇਸ਼ ਵਿਦੇਸ਼ੀ ਕਰੰਸੀ ਪ੍ਰਵਾਸੀ (ਐੱਫ. ਸੀ. ਐੱਨ. ਆਰ.-ਬੀ) ਜਮ੍ਹਾ ਯੋਜਨਾ ਤਹਿਤ ਬੈਂਕਾਂ ਨੇ 133 ਅਰਬ ਅਮਰੀਕੀ ਡਾਲਰ ਜੁਟਾਏ ਹਨ। ਭਾਰਤੀ ਪ੍ਰਵਾਸੀਆਂ ਤੋਂ ਮਿਲੇ ਮਜ਼ਬੂਤ ਹੁੰਗਾਰੇ ਤੋਂ ਬਾਅਦ ਇਹ ਯੋਜਨਾ ਨਿਰਧਾਰਤ ਸਮੇਂ ਤੋਂ ਇਕ ਮਹੀਨਾ ਪਹਿਲਾਂ 31 ਅਗਸਤ ਨੂੰ ਬੰਦ ਕਰ ਦਿੱਤੀ ਗਈ ਸੀ।

ਜੈਨ ਨੇ ਇੱਥੇ 13ਵੇਂ ਐੱਸ. ਬੀ. ਆਈ. ਬੈਂਕਿੰਗ ਐਂਡ ਇਕਨਾਮਿਕਸ ਕਨਕਲੇਵ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਐੱਫ. ਸੀ. ਐੱਨ. ਆਰ.-ਬੀ ਤਹਿਤ ਧਨ ਆਉਣ ਤੋਂ ਬਾਅਦ ਆਰ. ਬੀ. ਆਈ. ਨੇ ਬੈਂਕਾਂ ਨਾਲ ਉਨ੍ਹਾਂ ਦੀ ਨਕਦੀ ਦੀ ਸਥਿਤੀ 'ਤੇ ਚਰਚਾ ਲਈ ਬੈਠਕਾਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਆਰ. ਬੀ. ਆਈ. ਬੈਂਕਾਂ ਨੂੰ ਜੁਟਾਈ ਗਈ ਰਾਸ਼ੀ ਨੂੰ ਕਿਸੇ ਖਾਸ ਖੇਤਰ 'ਚ ਲਾਉਣ ਦਾ ਨਿਰਦੇਸ਼ ਨਹੀਂ ਦੇ ਰਿਹਾ ਹੈ। ਡਿਪਟੀ ਗਵਰਨਰ ਨੇ ਕਿਹਾ ਕਿ ਬੈਂਕ ਆਪਣੀਆਂ ਕਰਜ਼ਾ ਯੋਜਨਾਵਾਂ, ਪ੍ਰਸਤਾਵਾਂ ਅਤੇ ਨਕਦੀ ਦੀ ਸਥਿਤੀ ਦੇ ਆਧਾਰ 'ਤੇ ਐੱਫ. ਸੀ. ਐੱਨ. ਆਰ.-ਬੀ ਦੀ ਵਾਧੂ ਨਕਦੀ ਦੀ ਵਰਤੋਂ ਨੂੰ ਲੈ ਕੇ ਪੂਰੀ ਤਰ੍ਹਾਂ ਸੁਤੰਤਰ ਹੋਣਗੇ।

pnb ਪੰਜਾਬ ਨੈਸ਼ਨਲ ਬੈਂਕ ...ਬਿਹਤਰੀ ਲਈ ਇਕਜੁੱਟ

ਐਸੇਟਸ ਰਿਕਵਰੀ ਮੈਨੇਜਮੈਂਟ ਬ੍ਰਾਂਚ, ਲੁਧਿਆਣਾ, ਸਾਈਟ ਨੰ. 5, ਨੇੜੇ ਵੇਵ ਮਾਲ, ਫਿਰੋਜ਼ਪੁਰ ਰੋਡ, ਲੁਧਿਆਣਾ, ਈ-ਮੇਲ : cs4540@pnb.bank.in ਫੋਨ.: 0161-2888181,2888182

ਈ-ਨਿਲਾਮੀ ਵਿਕਰੀ ਨੋਟਿਸ | ਈ-ਨਿਲਾਮੀ ਵਿਕਰੀ ਨੋਟਿਸ

ਚੱਲ/ਅਚੱਲ ਜਾਇਦਾਦ (ਾਂ) ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਪਬਲਿਕ ਨੋਟਿਸ
ਸਾਰਫਾਇਸੀ ਐਕਟ 2002 ਦੇ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਰੂਲ-6 ਤੇ 9 ਨਾਲ ਪੜ੍ਹੇ ਜਾਂਦੇ ਰੂਲ- 8(6) ਤੇ 9(1) ਤਹਿਤ ਆਮ ਜਨਤਾ ਨੂੰ 15/30 ਦਿਨਾ ਕਾਨੂੰਨੀ ਵਿਕਰੀ ਨੋਟਿਸ

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਐਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਤੇ 9(1) ਦੇ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਜਨਤਾ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਨੂੰ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਵਰਣਿਤ ਚੱਲ/ਅਚੱਲ ਜਾਇਦਾਦ ਦਾ ਰਚਨਾਤਮਕ/ਦਸਤੀ/ਸੰਕੇਤਕ ਕਬਜ਼ਾ ਬੈਂਕ ਦੇ ਅਧਿਕਾਰਤ ਅਧਿਕਾਰੀ/ਸਕਿਓਰਡ ਕ੍ਰੈਡਿਟਰ ਵੱਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਵਰਣਿਤ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਜਮ੍ਹਾ ਦਾ ਵੇਰਵਾ ਹੇਠਾਂ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦਿੱਤਾ ਜਾਵੇਗਾ।

ਵਿਕਰੀ ਵੈੱਬਸਾਈਟ https://BAANKNET.com 'ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ 03.11.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 4.00 ਵਜੇ ਤਕ ਕੀਤੀ ਜਾਵੇਗੀ।

ਜਾਇਦਾਦਾਂ ਦੀ ਜਾਂਚ ਦੀ ਮਿਤੀ 25.09.2026 ਤੋਂ 02.11.2026 ਤਕ ਸਵੇਰੇ 10.00 ਤੋਂ ਸ਼ਾਮ 5.00 ਵਜੇ

ਪੋਰਟਲ https://BAANKNET.com 'ਤੇ ਈ. ਐੱਮ. ਡੀ. ਦੀ ਪੇਸ਼ਕਾਰੀ ਅਤੇ ਆਨਲਾਈਨ ਦਸਤਾਵੇਜ਼ਾਂ ਦੀ ਜਾਂਚ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਜ਼ਰੂਰ ਹੋ ਜਾਣੀ ਚਾਹੀਦੀ ਹੈ।

ਮੈਸਰਜ਼ ਪੀ. ਐੱਸ. ਬੀ. ਅਲਾਇੰਸ ਪ੍ਰਾ. ਲਿਮ. ਮੁੰਬਈ, ਪੋਰਟਲ ਹੈਲਪਡੈਸਕ ਨੰ. +91 8291220220 ਈ-ਮੇਲ ਆਈ. ਡੀ. : support.BAANKNET@psballiance.com, ਉਪਲਬਧਤਾ : ਨਿਲਾਮੀ ਦੀ ਪ੍ਰਕਿਰਿਆ, ਰਜਿਸਟ੍ਰੇਸ਼ਨ ਸਟੇਟਸ, ਤਕਨੀਕੀ ਸਹਾਇਤਾ ਆਦਿ ਲਈ ਮਾਰਗਦਰਸ਼ਨ ਸਾਰੇ ਕੰਮ ਵਾਲੇ ਦਿਨਾਂ ਨੂੰ ਸਵੇਰੇ 9 ਤੋਂ ਸ਼ਾਮ 5 ਵਜੇ ਤਕ।

ਸਕਿਓਰਡ ਅਸਾਮੀਆਂ ਦਾ ਸ਼ਡਿਊਲ

ਲੜੀ ਨੰ.	ਜਾਇਦਾਦ (ਾਂ) ਦੀ ਆਈ. ਡੀ. / ਡੀਲਿੰਗ ਅਧਿਕਾਰੀ ਦਾ ਨਾਂ / ਸੰਪਰਕ ਨੰ. / ਅਕਾਊਂਟ ਦਾ ਨਾਂ ਅਤੇ ਪਤਾ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (ਾਂ) ਦੇ ਮਾਰਟਗੇਜਰ)	(ੲ) ਸਰਫੇਸੀ ਐਕਟ 2002 ਦੇ ਸੈਕਸ਼ਨ 13(2) ਅਧੀਨ ਡਿਮਾਂਡ ਨੋਟਿਸ ਦੀ ਮਿਤੀ / (ਬੀ) ਬਕਾਇਆ ਰਕਮ ਜਿਵੇਂ ਹੈ / (ਸੀ) ਸਰਫੇਸੀ ਐਕਟ 2002 ਦੇ ਸੈਕਸ਼ਨ 13(4) ਅਧੀਨ ਕਬਜ਼ੇ ਦੀ ਮਿਤੀ / (ਡੀ) ਕਬਜ਼ੇ ਦੀ ਕਿਸਮ	ਰਾਖਵੀਂ ਕੀਮਤ / ਈ.ਐੱਮ.ਡੀ. / ਬੋਲੀ ਵਾਧਾ ਰਾਸ਼ੀ	ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ
1.	ਜਾਇਦਾਦ 1: PUNBJVSTEEL1 ਜਾਇਦਾਦ 2: PUNBJVSTEEL2 ਜਾਇਦਾਦ 3: PUNBJVSTEEL3 ਜਾਇਦਾਦ 4: PUNBJVSTEEL4 ਜਾਇਦਾਦ 5: PUNBJVSTEEL5 ਜਾਇਦਾਦ 6: PUNBJVSTEEL6 ਜਾਇਦਾਦ 7: PUNBJVSTEEL7 ਜਾਇਦਾਦ 8: PUNBJVSTEEL8 ਜਾਇਦਾਦ 9: PUNBJVSTEEL9 ਜਾਇਦਾਦ 10: PUNBJVSTEEL10 ਜਾਇਦਾਦ 11: PUNBJVSTEEL11 ਰਾਹੁਲ ਵਰਮਾ / 90005 - 30309 1. ਮੈ/ਸ ਜੇ.ਵੀ. ਸਟੀਲ ਟਰੇਡਰਜ਼ ਸਥਿਤ ਬੀ-583, ਓਵਰਲਾਕ ਰੋਡ, ਨੈਕਸੋ ਸਟ੍ਰੀਟ, ਮਿਲਰਗੰਜ, ਲੁਧਿਆਣਾ-141003 ਆਪਣੇ ਭਾਈਵਾਲਾਂ ਰਾਹੀਂ: (ੲ) ਸ਼੍ਰੀ ਜਨਕ ਰਾਜ ਬਾਂਸਲ ਪੁੱਤਰ ਸ਼੍ਰੀ ਚਿਰੰਜੀ ਲਾਲ, (ਬੀ) ਸ਼੍ਰੀ ਵਰਿੰਦਰ ਕੁਮਾਰ ਬਾਂਸਲ ਪੁੱਤਰ ਸ਼੍ਰੀ ਜਨਕ ਰਾਜ ਬਾਂਸਲ, (ਸੀ) ਸ਼੍ਰੀ ਸੁਕਿੰਦਰ ਕੁਮਾਰ ਪੁੱਤਰ ਸ਼੍ਰੀ ਜਨਕ ਰਾਜ ਬਾਂਸਲ, 2. ਸ਼੍ਰੀ ਜਨਕ ਰਾਜ ਬਾਂਸਲ ਪੁੱਤਰ ਸ਼੍ਰੀ ਚਿਰੰਜੀ ਲਾਲ (ਭਾਈਵਾਲ/ਗਾਰੰਟਰ/ਮਾਰਟਗੇਜਰ) 117-ਏ, ਮਹਾਵੀਰ ਨਗਰ, ਲੁਧਿਆਣਾ 141004, 3. ਸ਼੍ਰੀ ਵਰਿੰਦਰ ਕੁਮਾਰ ਬਾਂਸਲ ਪੁੱਤਰ ਸ਼੍ਰੀ ਜਨਕ ਰਾਜ ਬਾਂਸਲ (ਭਾਈਵਾਲ/ਗਾਰੰਟਰ/ਮਾਰਟਗੇਜਰ) 117-ਏ, ਮਹਾਵੀਰ ਨਗਰ, ਲੁਧਿਆਣਾ 141004, 4. ਸ਼੍ਰੀ ਸੁਕਿੰਦਰ ਕੁਮਾਰ ਪੁੱਤਰ ਸ਼੍ਰੀ ਜਨਕ ਰਾਜ ਬਾਂਸਲ (ਭਾਈਵਾਲ/ਗਾਰੰਟਰ/ਮਾਰਟਗੇਜਰ) ਮਕਾਨ ਨੰ: 79-ਪੀ, ਮਹਾਵੀਰ ਨਗਰ, ਲੁਧਿਆਣਾ-141004, 5. ਸ਼੍ਰੀ ਅਜੇ ਕੁਮਾਰ ਪੁੱਤਰ ਸ਼੍ਰੀ ਜੋਗਿੰਦਰ ਕੁਮਾਰ (ਗਾਰੰਟਰ/ਮਾਰਟਗੇਜਰ) ਵਾਸੀ 715-ਬੀ, ਅਗਰ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ-141012, 6. ਸ਼੍ਰੀ ਵਿਨੋਦ ਕੁਮਾਰ ਪੁੱਤਰ ਸ਼੍ਰੀ ਜੋਗਿੰਦਰ ਕੁਮਾਰ (ਗਾਰੰਟਰ/ਮਾਰਟਗੇਜਰ) ਵਾਸੀ 715-ਬੀ, ਅਗਰ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ-141012, 7. ਸ਼੍ਰੀਮਤੀ ਆਸ਼ੂ ਗੁਪਤਾ ਪਤਨੀ ਸ਼੍ਰੀ ਵਿਨੋਦ ਕੁਮਾਰ (ਗਾਰੰਟਰ/ਮਾਰਟਗੇਜਰ) ਵਾਸੀ 751-ਬੀ, ਅਗਰ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ-141012, 8. ਸ਼੍ਰੀ ਜਤਿੰਦਰ ਸੂਦ ਪੁੱਤਰ ਸ਼੍ਰੀ ਹਰੀ ਕ੍ਰਿਸ਼ਨ (ਗਾਰੰਟਰ/ਮਾਰਟਗੇਜਰ) ਵਾਸੀ 409-ਜੀ, ਵਾਰਡ ਨੰ: 57, ਬੀ.ਆਰ.ਐੱਸ. ਨਗਰ, ਲੁਧਿਆਣਾ 141012, 9. ਸ਼੍ਰੀਮਤੀ ਪਰਮਿੰਦਰ ਸੂਦ ਪੁੱਤਰੀ ਸ਼੍ਰੀ ਤ੍ਰਿਲੋਕ ਸਿੰਘ (ਗਾਰੰਟਰ/ਮਾਰਟਗੇਜਰ) ਵਾਸੀ 409-ਜੀ, ਵਾਰਡ ਨੰ: 57, ਬੀ.ਆਰ.ਐੱਸ. ਨਗਰ, ਲੁਧਿਆਣਾ 141012, 10. ਸ਼੍ਰੀ ਮਨਜੀਤ ਕੁਮਾਰ ਬਾਂਸਲ ਪੁੱਤਰ ਸ਼੍ਰੀ ਕ੍ਰਿਸ਼ਨ ਕੁਮਾਰ (ਗਾਰੰਟਰ/ਮਾਰਟਗੇਜਰ) ਵਾਸੀ ਆਨੰਦਾ 10ਏ ਵਿਲਾ ਨੰ: 3, ਰਾਜ ਨਿਵਾਸ ਮਾਰਗ, ਸਿਵਲ ਲਾਈਨਜ਼, ਗਵਰਨਰ ਹਾਊਸ ਦੇ ਨੇੜੇ, ਨਵੀਂ ਦਿੱਲੀ, ਪਿੰਨ-110054, 11. ਸ਼੍ਰੀ ਸੌਰਭ ਗੁਪਤਾ ਪੁੱਤਰ ਸ਼੍ਰੀ ਅਜੇ ਗੁਪਤਾ (ਗਾਰੰਟਰ) 715-ਬੀ, ਅਗਰ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ-141012	ਜਾਇਦਾਦ 1 : 12 ਬਿਸਵੇ ਜਾਂ 03 ਕਨਾਲ – 0 ਮਰਲਾ (ਪੁਖਤਾ) (1815 ਵਰਗ ਗਜ਼) ਜ਼ਮੀਨ ਦਾ ਸਾਰਾ ਹਿੱਸਾ, ਜੋ ਕਿ ਕੁੱਲ 33 ਬੀ – 4 ਬੀ – 10ਬੀ ਜ਼ਮੀਨ ਵਿਚੋਂ 240/13290 ਹਿੱਸਾ ਹੈ, ਜੋ ਕਿ ਖਸਰਾ ਨੰਬਰ 281/3-297-276/1-257-279-281/1-298-299-280-277/3-278-258-276/3-277/1-267-268, ਖਾਤਾ ਨੰਬਰ 284/322- 285/323-323/1-286/324-325-326-288/328, ਜਮ੍ਹਾਂਬੰਦੀ ਸਾਲ 2000-2001 ਦੇ ਮੁਤਾਬਕ, ਹਦਬਸਤ ਨੰਬਰ 293, ਪਿੰਡ ਝੰਡੇ, ਤਹਿਸੀਲ ਅਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ; ਜੋ ਕਿ ਸ਼੍ਰੀ ਵਰਿੰਦਰ ਕੁਮਾਰ ਦੇ ਨਾਮ ਉੱਤੇ ਵਸੀਕਾ ਨੰਬਰ 30449, ਮਿਤੀ 23.03.2006 ਰਾਹੀਂ ਸਬ-ਰਜਿਸਟਰਾਰ, ਲੁਧਿਆਣਾ (ਪੱਛਮੀ) ਕੋਲ ਰਜਿਸਟਰਡ ਹੈ। (ਨੋਟ: ਕਾਲੋਨੀ ਦੇ ਲੇਆਊਟ ਪਲਾਨ ਮੁਤਾਬਕ, ਜਾਇਦਾਦ ਦਾ ਰਕਬਾ 1638.26 ਵਰਗ ਗਜ਼ ਹੈ।)	18.05.2018 ਰੁਪਏ 22,52,59,402.79/- (ਮਿਤੀ 30.03.2018 ਤੱਕ) ਮਿਤੀ 25.02.2018 ਤੱਕ ਦੇ ਵਿਆਜ ਸਮੇਤ ਅਤੇ ਮਿਤੀ 26.02.2018 ਤੋਂ ਇਕਰਾਰਨਾਮੇ ਦੀ ਦਰ 'ਤੇ ਹੋਰ ਵਿਆਜ, ਨਾਲ ਹੀ ਉਸ ਤੋਂ ਬਾਅਦ ਹੋਏ ਹੋਰ ਖਰਚੇ ਅਤੇ ਚਾਰਜ, ਜੇਕਰ ਕੋਈ ਅਦਾਇਗੀ ਕੀਤੀ ਗਈ ਹੋਵੇ ਤਾਂ ਉਸ ਨੂੰ ਘਟਾਉਣ ਤੋਂ ਬਾਅਦ। 19.03.2020 ਸੰਕੇਤਕ ਕਬਜ਼ਾ	Rs. 2,40,00,000/- Rs. 24,00,000/- Rs. 2,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
		ਜਾਇਦਾਦ 2 : ਇਕ ਰਿਹਾਇਸ਼ੀ ਮਕਾਨ ਦਾ ਸਾਰਾ ਹਿੱਸਾ, ਜਿਸਦਾ ਰਕਬਾ 400 ਵਰਗ ਗਜ਼ ਹੈ ਅਤੇ ਜੋ ਜ਼ਮੀਨ/ਪਲਾਟ ਨੰਬਰ 79-ਪੀ 'ਤੇ ਬਣਿਆ ਹੈ, ਜੋ ਕਿ ਖਸਰਾ ਨੰਬਰ 1080-1083-1078/1-1079, 1081/1, 1082, ਖਾਤਾ ਨੰਬਰ 628/875, 634/881, 639/886, ਜਮ੍ਹਾਂਬੰਦੀ ਸਾਲ 2001-2002 ਦੇ ਮੁਤਾਬਕ, ਵਾਕਿਆ ਬਾਰੇਵਾਲ ਅਵਾਨਾ, ਹਦਬਸਤ ਨੰਬਰ 157, ਇਲਾਕਾ ਮਹਾਵੀਰ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ ਵਿਖੇ ਸਥਿਤ ਹੈ; ਜੋ ਕਿ ਸ਼੍ਰੀ ਸਿਕੰਦਰ ਕੁਮਾਰ ਪੁੱਤਰ ਜਨਕ ਰਾਜ ਦੇ ਨਾਮ ਉੱਤੇ ਸੇਲ ਵਸੀਕਾ ਨੰਬਰ 11589, ਮਿਤੀ 17.08.2005 ਰਾਹੀਂ ਸਬ-ਰਜਿਸਟਰਾਰ, ਲੁਧਿਆਣਾ (ਪੱਛਮੀ) ਪਾਸ ਰਜਿਸਟਰਡ ਹੈ; ਜਿਸ ਦੀਆਂ ਹੱਦਾਂ ਇਸ ਪ੍ਰਕਾਰ ਹਨ: ਪੂਰਬ: ਪਲਾਟ ਨੰਬਰ 77, 90'-0", ਉੱਤਰ: ਪਲਾਟ ਨੰਬਰ 75ਪੀ, 40'-0", ਪੱਛਮ: ਪਲਾਟ ਨੰਬਰ 77ਪੀ, 90'-0", ਦੱਖਣ: 30 ਫੁੱਟ ਚੌੜੀ ਸੜਕ, 40'-0"	17.08.2026 ਸੰਕੇਤਕ ਕਬਜ਼ਾ	Rs. 1,70,00,000/- Rs. 17,00,000/- Rs. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
		ਜਾਇਦਾਦ 3 : ਪਲਾਟ ਨੰਬਰ 113-ਪੀ ਦਾ ਸਾਰਾ ਹਿੱਸਾ, ਜਿਸਦਾ ਰਕਬਾ 222 ਵਰਗ ਗਜ਼ ਹੈ, ਜੋ ਕਿ ਖਸਰਾ ਨੰਬਰ 1080, 1083, 1078/1, 1079, 1081/1, 1082, 1078/2, 1081/2, ਖਾਤਾ ਨੰਬਰ 605/842, 625/862, 630/867, 631/868, ਜਮ੍ਹਾਂਬੰਦੀ ਸਾਲ 1996-1997 ਦੇ ਮੁਤਾਬਕ, ਪਿੰਡ ਬਾਰੇਵਾਲ ਅਵਾਨਾ, ਹਦਬਸਤ ਨੰਬਰ 157, ਇਲਾਕਾ ਮਹਾਵੀਰ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ ਵਿਖੇ ਸਥਿਤ ਹੈ; ਜੋ ਕਿ ਸ਼੍ਰੀ ਜਨਕ ਰਾਜ ਬਾਂਸਲ ਦੇ ਨਾਮ ਉੱਤੇ ਸੇਲ ਵਸੀਕਾ ਨੰਬਰ 3685, ਮਿਤੀ 08.06.2000 ਰਾਹੀਂ ਸਬ-ਰਜਿਸਟਰਾਰ, ਲੁਧਿਆਣਾ (ਪੱਛਮੀ) ਪਾਸ ਰਜਿਸਟਰਡ ਹੈ; ਜਿਸ ਦੀਆਂ ਹੱਦਾਂ ਇਸ ਪ੍ਰਕਾਰ ਹਨ: ਪੂਰਬ: ਸੜਕ 28'-6", ਉੱਤਰ: ਪਲਾਟ ਨੰਬਰ 114 ਅਤੇ 115, 70'-0", ਪੱਛਮ: ਪਲਾਟ ਨੰਬਰ 94ਪੀ, 28'-6", ਦੱਖਣ: ਪਲਾਟ ਨੰਬਰ 114ਪੀ, 70'-0"	17.08.2026 ਸੰਕੇਤਕ ਕਬਜ਼ਾ	Rs. 90,00,000/- Rs. 9,00,000/- Rs. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
		ਜਾਇਦਾਦ 4 : ਇਕ ਰਿਹਾਇਸ਼ੀ ਮਕਾਨ ਦਾ ਸਾਰਾ ਹਿੱਸਾ, ਜਿਸਦਾ ਰਕਬਾ 400 ਵਰਗ ਗਜ਼ ਹੈ ਅਤੇ ਨੰਬਰ 117-ਏ ਹੈ, ਜੋ ਕਿ ਖਸਰਾ ਨੰਬਰ 1080, 1083, 1078/1, 1079, 1081/1, 1082, ਖਾਤਾ ਨੰਬਰ 522, 528/739, 533/794, ਜਮ੍ਹਾਂਬੰਦੀ ਸਾਲ 1991-92 ਦੇ ਮੁਤਾਬਕ, ਮਹਾਵੀਰ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ ਵਿਖੇ ਸਥਿਤ ਹੈ; ਜੋ ਕਿ ਸ਼੍ਰੀ ਵਰਿੰਦਰ ਕੁਮਾਰ ਬਾਂਸਲ ਪੁੱਤਰ ਸ਼੍ਰੀ ਜਨਕ ਰਾਜ ਦੇ ਨਾਮ ਉੱਤੇ ਵਸੀਕਾ ਨੰਬਰ 26227, ਮਿਤੀ 11.03.1998 ਰਾਹੀਂ ਸਬ-ਰਜਿਸਟਰਾਰ, ਲੁਧਿਆਣਾ ਪਾਸ ਰਜਿਸਟਰਡ ਹੈ; ਜਿਸ ਦੀਆਂ ਹੱਦਾਂ ਇਸ ਪ੍ਰਕਾਰ ਹਨ: ਪੂਰਬ: ਗੁਆਂਢੀ, 40'-0", ਉੱਤਰ: ਪਲਾਟ ਨੰਬਰ 116, 90'-0", ਪੱਛਮ: ਸੜਕ, 40'-0", ਦੱਖਣ: ਪਲਾਟ ਨੰਬਰ 116-ਏ, 90'-0"	17.08.2026 ਸੰਕੇਤਕ ਕਬਜ਼ਾ	Rs. 2,00,00,000/- Rs. 20,00,000/- Rs. 2,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
		ਜਾਇਦਾਦ 5 : ਫੈਕਟਰੀ ਜ਼ਮੀਨ ਅਤੇ ਇਮਾਰਤ ਦਾ ਸਾਰਾ ਹਿੱਸਾ, ਜਿਸਦਾ ਰਕਬਾ 7260 ਵਰਗ ਗਜ਼ ਹੈ, ਜੋ ਕਿ ਖਸਰਾ ਨੰਬਰ 235, 244, 245, 246, 247, 249, 252, 250 ਮਿਨ, 251, 184, 185, 243, 248, 253, 254, 255, 544, 545, 548, 549, 552, 550, 256, 551, 236, 237, 238, 239, 242, 261, 226, 232, 233, 234, 240, 241, 225, 257, 262, 546, 475, 260, 542, 553, 327, 547, 522, ਖਾਤਾ ਨੰਬਰ 14/20, 21/37, 38, 22/39, 40, 25/47, 49, 26/50, 52, 44/80, 45/81, 82, 58/108, 110, 61/115, 116, 82/161, 83/162, 163, 84/164, 165, 85/166, 167, 86/168, 169, 87/170, 171, 88/172, 173, 89/174, 177, 68/138, 139, 114//225, 227, 116/230, 231, 119/237, 239, 109/212, 214, 66/132, 134, 67/135, 137, 156/300, 302, 63/124, 126, 120/240, 243, ਜਮ੍ਹਾਂਬੰਦੀ ਸਾਲ 2002-03 ਦੇ ਮੁਤਾਬਕ, ਜੀ.ਟੀ. ਰੋਡ, ਪਿੰਡ ਮੌਜਾ ਜੁਗਿਆਣਾ, ਲੁਧਿਆਣਾ, ਹਦਬਸਤ ਨੰਬਰ 244 ਵਿਖੇ ਸਥਿਤ ਹੈ; ਜੋ ਕਿ ਸ਼੍ਰੀ ਵਰਿੰਦਰ ਕੁਮਾਰ ਬਾਂਸਲ ਪੁੱਤਰ ਜਨਕ ਰਾਜ ਅਤੇ ਸ਼੍ਰੀ ਮਨਜੀਤ ਕੁਮਾਰ ਪੁੱਤਰ ਕ੍ਰਿਸ਼ਨ ਲਾਲ ਦੇ ਨਾਮ ਉੱਤੇ ਵਸੀਕਾ ਨੰਬਰ 12925, ਮਿਤੀ 10.11.2004 ਰਾਹੀਂ ਸਬ-ਰਜਿਸਟਰਾਰ, ਲੁਧਿਆਣਾ (ਪੂਰਬੀ) ਪਾਸ ਰਜਿਸਟਰਡ ਹੈ।	17.08.2026 ਸੰਕੇਤਕ ਕਬਜ਼ਾ	Rs. 5,60,00,000/- Rs. 56,00,000/- Rs. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
		ਜਾਇਦਾਦ 6 : 0 ਬੀ - 18 ਬੀ - 10 ਬੀ (ਪੁਖਤਾ) (2775 ਵਰਗ ਗਜ਼) ਜ਼ਮੀਨ ਦਾ ਸਾਰਾ ਹਿੱਸਾ, ਜੋ ਕਿ ਖਸਰਾ ਨੰਬਰ 388, 389, 390, 391, 392, 393, 394, 396/3, 397, 398, 399/1, 395/2, 396/2, 399/2, 400, ਖੇਵਟ/ਖਤੌਨੀ ਨੰਬਰ 365/398, 368/401, 369/402, ਜਮ੍ਹਾਂਬੰਦੀ ਸਾਲ 2000-2001 ਦੇ ਮੁਤਾਬਕ, ਪਿੰਡ ਝੰਡੇ, ਹਦਬਸਤ ਨੰਬਰ 293, ਤਹਿਸੀਲ ਅਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ; ਜੋ ਕਿ ਸ਼੍ਰੀ ਵਰਿੰਦਰ ਕੁਮਾਰ, ਸ਼੍ਰੀ ਜਨਕ ਰਾਜ ਬਾਂਸਲ ਅਤੇ ਸ਼੍ਰੀ ਮਨਜੀਤ ਕੁਮਾਰ ਦੇ ਨਾਮ ਉੱਤੇ ਵਸੀਕਾ ਨੰਬਰ 24674, ਮਿਤੀ 30.01.2006 ਰਾਹੀਂ ਸਬ-ਰਜਿਸਟਰਾਰ, ਲੁਧਿਆਣਾ (ਪੱਛਮੀ) ਪਾਸ ਰਜਿਸਟਰਡ ਹੈ। (ਨੋਟ: ਉਕਤ ਜਾਇਦਾਦ ਨੂੰ ਸ਼੍ਰੀ ਵਰਿੰਦਰ ਕੁਮਾਰ ਬਾਂਸਲ ਪੁੱਤਰ ਜਨਕ ਰਾਜ ਬਾਂਸਲ, ਸ਼੍ਰੀ ਮਨਜੀਤ ਕੁਮਾਰ ਪੁੱਤਰ ਸ਼੍ਰੀ ਕ੍ਰਿਸ਼ਨ ਲਾਲ ਅਤੇ ਸ਼੍ਰੀ ਜਨਕ ਰਾਜ ਬਾਂਸਲ ਪੁੱਤਰ ਸ਼੍ਰੀ ਚਿਰੰਜੀ ਲਾਲ ਵੱਲੋਂ ਲਈ ਗਈ ਹਾਊਸਿੰਗ ਲੋਨ ਅਤੇ ਓ.ਡੀ.ਐੱਚ.ਐੱਲ. ਸੁਵਿਧਾਵਾਂ ਵਿਚ ਵੀ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਖਾਤਿਆਂ ਨੂੰ ਐੱਨ.ਪੀ.ਏ. ਵਜੋਂ ਵੀ ਸ਼੍ਰੇਣੀਬੱਧ ਕੀਤਾ ਗਿਆ ਹੈ।)	19.03.2020 ਸੰਕੇਤਕ ਕਬਜ਼ਾ	Rs. 2,40,00,000/- Rs. 24,00,000/- Rs. 2,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
		ਜਾਇਦਾਦ 7 : 427.50 ਵਰਗ ਗਜ਼ ਜ਼ਮੀਨ ਦਾ ਸਾਰਾ ਹਿੱਸਾ, ਜੋ ਕਿ ਖਸਰਾ ਨੰਬਰ 1116, ਖਾਤਾ ਨੰਬਰ 1173/1528, ਜਮ੍ਹਾਂਬੰਦੀ ਸਾਲ 2001-2002 ਦੇ ਮੁਤਾਬਕ, ਵਾਕਿਆ ਮੌਜਾ ਬਾਰੇਵਾਲ ਅਵਾਨਾ, ਹਦਬਸਤ ਨੰਬਰ 157, ਇਲਾਕਾ ਆਮ ਕਾਲੋਨੀ, ਸੁੰਦਰ ਨਗਰ, ਘਈ ਟਿੰਬਰ ਦੇ ਪਿਛਲੇ ਪਾਸੇ, ਫਿਰੋਜ਼ਪੁਰ ਰੋਡ, ਲੁਧਿਆਣਾ ਵਿਖੇ ਸਥਿਤ ਹੈ; ਜੋ ਕਿ ਸ਼੍ਰੀ ਜਨਕ ਰਾਜ ਬਾਂਸਲ ਪੁੱਤਰ ਚਿਰੰਜੀ ਲਾਲ ਦੇ ਨਾਮ ਉੱਤੇ ਵਸੀਕਾ ਨੰਬਰ 22565, ਮਿਤੀ 19.02.2004 ਰਾਹੀਂ ਸਬ-ਰਜਿਸਟਰਾਰ, ਲੁਧਿਆਣਾ (ਪੱਛਮੀ) ਪਾਸ ਰਜਿਸਟਰਡ ਹੈ; ਜਿਸ ਦੀਆਂ ਹੱਦਾਂ ਇਸ ਪ੍ਰਕਾਰ ਹਨ: ਪੂਰਬ: ਪਲਾਟ ਨੰਬਰ 40, 96'-0", ਉੱਤਰ: ਮਾਲਕ, 40'-0", ਪੱਛਮ: ਪਲਾਟ ਨੰਬਰ 34, 35, 96'-0", ਦੱਖਣ: 40 ਫੁੱਟ ਚੌੜੀ ਸੜਕ, 40'-0"	17.08.2026 ਸੰਕੇਤਕ ਕਬਜ਼ਾ	Rs. 85,00,000/- Rs. 8,50,000/- Rs. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
		ਜਾਇਦਾਦ 8 : ਅਚੱਲ ਜਾਇਦਾਦ ਦਾ ਸਾਰਾ ਹਿੱਸਾ, ਜਿਸ ਦਾ ਐੱਮ.ਸੀ. ਨੰਬਰ ਬੀ-15-583, ਓਵਰਲਾਕ ਰੋਡ, ਲੁਧਿਆਣਾ ਹੈ ਅਤੇ ਰਕਬਾ 47.50 ਵਰਗ ਗਜ਼ ਹੈ, ਜੋ ਕਿ ਕੁੱਲ 95 ਵਰਗ ਗਜ਼ ਜ਼ਮੀਨ ਵਿਚੋਂ ਹੈ; ਜੋ ਕਿ ਸ਼੍ਰੀ ਮਨਜੀਤ ਕੁਮਾਰ ਪੁੱਤਰ ਕ੍ਰਿਸ਼ਨ ਲਾਲ ਅਤੇ ਸ਼੍ਰੀ ਵਰਿੰਦਰ ਕੁਮਾਰ ਪੁੱਤਰ ਜਨਕ ਰਾਜ ਦੇ ਨਾਮ ਉੱਤੇ ਵਸੀਕਾ ਨੰਬਰ 19422, ਮਿਤੀ 19.11.1999 ਰਾਹੀਂ ਸਬ-ਰਜਿਸਟਰਾਰ, ਲੁਧਿਆਣਾ ਪਾਸ ਰਜਿਸਟਰਡ ਹੈ।	17.08.2026 ਸੰਕੇਤਕ ਕਬਜ਼ਾ	Rs. 25,00,000/- Rs. 2,50,000/- Rs. 50,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
		ਜਾਇਦਾਦ 9 : ਅਚੱਲ ਜਾਇਦਾਦ/ਜ਼ਮੀਨ ਦਾ ਸਾਰਾ ਹਿੱਸਾ, ਜਿਸ ਦਾ ਰਕਬਾ 0 ਵੀ - 8 ਵੀ - 15-1/5 ਵੀ (2 ਕਨਾਲ - 3.4 ਮਰਲੇ) ਜਾਂ 1314 ਵਰਗ ਗਜ਼ ਹੈ, ਜੋ ਕਿ ਖਸਰਾ ਨੰਬਰ 2553/11/1, 2546/7, 2544/7, ਖਾਤਾ ਨੰਬਰ 322/398, 585/715, 586/716, ਜਮ੍ਹਾਂਬੰਦੀ ਸਾਲ 2007-2008 ਦੇ ਮੁਤਾਬਕ, ਵਾਕਿਆ ਪਿੰਡ ਧਾਂਦਰਾ-I ਅਤੇ ਖਸਰਾ ਨੰਬਰ 2548/8, 2550/9, 2551/10, 2547/8, 2549/9, 4, 5, 6, ਖਾਤਾ ਨੰਬਰ 325/361, 327/363, 340/376, 341/377, ਜਮ੍ਹਾਂਬੰਦੀ ਸਾਲ 2007-2008 ਦੇ ਮੁਤਾਬਕ, ਵਾਕਿਆ ਪਿੰਡ ਧਾਂਦਰਾ-II, ਹਦਬਸਤ ਨੰਬਰ 274, ਤਹਿਸੀਲ ਅਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ; ਜੋ ਕਿ ਸ਼੍ਰੀ ਜਤਿੰਦਰ ਸੂਦ ਪੁੱਤਰ ਹਰੀ ਕ੍ਰਿਸ਼ਨ ਅਤੇ ਡਾ. ਪਰਮਿੰਦਰ ਸੂਦ ਪੁੱਤਰੀ ਤਰਲੋਕ ਸਿੰਘ ਦੇ ਨਾਮ ਉੱਤੇ ਵਸੀਕਾ ਨੰਬਰ 12115, ਮਿਤੀ 08.11.2012 ਰਾਹੀਂ ਸਬ-ਰਜਿਸਟਰਾਰ, ਲੁਧਿਆਣਾ (ਪੱਛਮੀ) ਪਾਸ ਰਜਿਸਟਰਡ ਹੈ।	17.08.2026 ਸੰਕੇਤਕ ਕਬਜ਼ਾ	Rs. 90,00,000/- Rs. 9,00,000/- Rs. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
		ਜਾਇਦਾਦ 10 : ਪਲਾਟ ਦਾ ਸਾਰਾ ਹਿੱਸਾ, ਜਿਸਦਾ ਰਕਬਾ 8 ਕਨਾਲ - 19 ਮਰਲੇ ਜਾਂ 5414 ਵਰਗ ਗਜ਼ ਹੈ, ਜੋ ਕਿ ਖੇਵਟ ਖਤੌਨੀ ਨੰਬਰ 749/798 ਤੋਂ 803, 752/808 ਤੋਂ 810, 755/813, ਕਿੱਲਾ ਨੰਬਰ 18//6/1-5/2-16, 19//11/1-11/2-20-21/1, 18//25/1, 19//10-11/3-9-12-19/2, 18//26, ਜਮ੍ਹਾਂਬੰਦੀ ਸਾਲ 2003-2004 ਦੇ ਮੁਤਾਬਕ, ਪਿੰਡ ਜੰਗਪੁਰ, ਹਦਬਸਤ ਨੰਬਰ 423, ਉਪ-ਤਹਿਸੀਲ ਮੁਲਾਂਪੁਰ ਦਾਖਾ, ਤਹਿਸੀਲ ਅਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ; ਜੋ ਕਿ ਸ਼੍ਰੀ ਵਰਿੰਦਰ ਕੁਮਾਰ ਪੁੱਤਰ ਜਨਕ ਰਾਜ ਦੇ ਨਾਮ ਉੱਤੇ ਸੇਲ ਡੀਡ ਨੰਬਰ 312, ਮਿਤੀ 19.05.2008 ਰਾਹੀਂ ਸਬ-ਰਜਿਸਟਰਾਰ, ਮੁਲਾਂਪੁਰ ਦਾਖਾ ਪਾਸ ਰਜਿਸਟਰਡ ਹੈ।	17.08.2026 ਸੰਕੇਤਕ ਕਬਜ਼ਾ	Rs. 60,00,000/- Rs. 6,00,000/- Rs. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
		ਜਾਇਦਾਦ 11 : ਇਕ ਖਾਲੀ ਪਲਾਟ/ਜ਼ਮੀਨ ਦਾ ਸਾਰਾ ਹਿੱਸਾ, ਜਿਸਦਾ ਰਕਬਾ 1417.50 ਵਰਗ ਗਜ਼ (0 ਬੀ - 9 ਬੀ - 9ਬੀ, ਪੁਖਤਾ) ਹੈ, ਜੋ ਕਿ ਖੇਵਟ ਖਤੌਨੀ ਨੰਬਰ 365/398, 368/401, 369/402, ਖਸਰਾ ਨੰਬਰ 388, 389, 390, 391, 392, 393, 394, 396/3, 397, 398, 399/1, 395/2, 396/2, 399/2, 400, ਜਮ੍ਹਾਂਬੰਦੀ ਸਾਲ 2000-2001 ਦੇ ਮੁਤਾਬਕ, ਜੀ.ਡੀ. ਗੋਇਨਕਾ ਸਕੂਲ ਦੇ ਨੇੜੇ, ਪਿੰਡ ਝੰਡੇ, ਹਦਬਸਤ ਨੰਬਰ 293, ਫਿਰੋਜ਼ਪੁਰ ਰੋਡ, ਲੁਧਿਆਣਾ ਵਿਖੇ ਸਥਿਤ ਹੈ; ਜੋ ਕਿ ਸ਼੍ਰੀ ਅਜੇ ਕੁਮਾਰ ਪੁੱਤਰ ਸ਼੍ਰੀ ਜੋਗਿੰਦਰ ਕੁਮਾਰ ਅਤੇ ਸ਼੍ਰੀ ਵਿਨੋਦ ਕੁਮਾਰ ਪੁੱਤਰ ਜੋਗਿੰਦਰ ਕੁਮਾਰ ਦੇ ਨਾਮ ਉੱਤੇ ਵਸੀਕਾ ਨੰਬਰ 24553, ਮਿਤੀ 30.01.2006 ਰਾਹੀਂ ਸਬ-ਰਜਿਸਟਰਾਰ, ਲੁਧਿਆਣਾ ਪਾਸ ਰਜਿਸਟਰਡ ਹੈ; ਜਿਸ ਦੀਆਂ ਹੱਦਾਂ ਇਸ ਪ੍ਰਕਾਰ ਹਨ: ਪੂਰਬ: ਗੁਆਂਢੀ, 139'-6", ਉੱਤਰ: ਗੁਆਂਢੀ, 95'-3", ਪੱਛਮ: ਵਰਿੰਦਰ ਕੁਮਾਰ ਅਤੇ ਹੋਰ, 129'-10", ਦੱਖਣ: 36 ਫੁੱਟ ਚੌੜੀ ਸੜਕ, 95'-0"	17.08.2026 ਸੰਕੇਤਕ ਕਬਜ਼ਾ	Rs. 1,10,00,000/- Rs. 11,00,000/- Rs. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ

ਨੋਟ:- ਜਾਇਦਾਦ ਨੰਬਰ 6 ਅਤੇ 11 ਦੀ ਸਾਂਝੀ ਚਾਰਦੀਵਾਰੀ ਹੈ। ਇਨ੍ਹਾਂ ਜਾਇਦਾਦਾਂ ਦੇ ਸਬੰਧ ਵਿਚ ਬੋਲੀ ਕੇਵਲ ਤਾਂ ਹੀ ਪੱਕੀ ਮੰਨੀ ਜਾਵੇਗੀ ਜੇਕਰ ਬੋਲੀ ਇਕੋ ਬੋਲੀਕਾਰ ਵੱਲੋਂ ਪ੍ਰਾਪਤ ਹੁੰਦੀ ਹੈ।

ਨਿਯਮ ਅਤੇ ਸ਼ਰਤਾਂ: 1. ਇਹ ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਵਿਚ ਦੱਸੇ ਗਏ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ 2. ਜਾਇਦਾਦਾਂ ਜਿਵੇਂ ਹੈ, ਜਿੱਥੇ ਹੈ ਜਿਵੇਂ ਹੈ, ਜੋ ਹੈ ਅਤੇ ਜੋ ਕੁਝ ਵੀ ਉੱਥੇ ਹੈ ਦੇ ਆਧਾਰ 'ਤੇ ਵੇਚੀਆਂ ਜਾ ਰਹੀਆਂ ਹਨ। 3. ਉੱਪਰ ਦਿੱਤੀ ਸੂਚੀ ਵਿਚ ਦੱਸੇ ਗਏ ਸੁਰੱਖਿਅਤ ਜਾਇਦਾਦਾਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਜਾਣਕਾਰੀ ਦੇ ਹਿਸਾਬ ਨਾਲ ਸਭ ਤੋਂ ਵਧੀਆ ਤਰੀਕੇ ਨਾਲ ਦਿੱਤੇ ਗਏ ਹਨ ਪਰ ਅਧਿਕਾਰਤ ਅਧਿਕਾਰੀ ਇਸ ਇਸ਼ਤਿਹਾਰ ਵਿਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਖੁੰਝਣ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 4. ਵਿਕਰੀ ਨਿਮਨਹਸਤਾਖਰੀ ਦੁਆਰਾ ਵੈੱਬਸਾਈਟ https://BAANKNET.com 'ਤੇ ਉਪਲਬਧ ਈ-ਆਕਸ਼ਨ ਪਲੇਟਫਾਰਮ ਰਾਹੀਂ ਮਿਤੀ 03.11.2026 ਨੂੰ ਸਵੇਰੇ 11:00 ਵਜੇ ਤੋਂ ਦੁਪਹਿਰ 04:00 ਵਜੇ ਤੱਕ ਕੀਤੀ ਜਾਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://BAANKNET.com 'ਤੇ ਜਾਓ। 5. ਰਿਜ਼ਰਵ ਕੀਮਤ ਤੋਂ ਇਲਾਵਾ, ਘੱਟੋ-ਘੱਟ ਇਕ ਬੋਲੀ ਦੀ ਰਕਮ ਲਾਜ਼ਮੀ ਹੈ। ਬਿਜਲੀ, ਹਾਊਸ ਟੈਕਸ ਆਦਿ ਦੇ ਬਕਾਇਆ ਚਾਰਜ/ਬਿੱਲ ਨਿਲਾਮੀ ਖਰੀਦਦਾਰ ਵੱਲੋਂ ਅਦਾ ਕੀਤੇ ਜਾਣਗੇ। 6. ਵਿਕਰੀ ਕਰਜ਼ਾ ਵਸੂਲੀ ਟ੍ਰਿਬਿਊਨਲ ਦੇ ਸਾਹਮਣੇ ਕਿਸੇ ਵੀ ਸਕਿਓਰਿਟਾਈਜ਼ੇਸ਼ਨ ਅਰਜ਼ੀ (ਜੇਕਰ ਕੋਈ ਹੋਵੇ) ਸਮੇਤ ਕਿਸੇ ਵੀ ਲੰਬਿਤ ਕਾਰਵਾਈ ਦੇ ਅਧੀਨ ਹੈ। ਸੰਭਾਵੀ ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਟਾਈਟਲ, ਭਾਰ, ਕਬਜ਼ੇ ਦੀ ਸਥਿਤੀ, ਕਾਨੂੰਨੀ ਬਕਾਏ ਅਤੇ ਚੱਲ ਰਹੇ ਮੁਕੱਦਮਿਆਂ (ਜੇਕਰ ਕੋਈ ਹੋਣ) ਬਾਰੇ ਸੁਤੰਤਰ ਤੌਰ 'ਤੇ ਆਪਣੀ ਜਾਂਚ-ਪੜਤਾਲ ਕਰ ਲੈਣ।

ਸਰਫੇਸੀ ਐਕਟ, 2002 ਦੇ ਰੂਲ 8(6) ਤਹਿਤ ਵਿਧਾਨਕ ਵਿਕਰੀ ਨੋਟਿਸ

ਮਿਤੀ : 24.09.2026 | ਥਾਂ : ਲੁਧਿਆਣਾ | ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ (ਸਕਿਓਰਡ ਕ੍ਰੈਡਿਟਰ)